**ਈ.ਮੇਲ ਰਾਹੀ/ਅਤੀ ਜਰੂਰੀ/ਮਿਤੀਬੱਧ**

**ਡਾਇਰੈਕਟੋਰੇਟ,ਪਸ਼ੂ ਪਾਲਣ ਵਿਭਾਗ,ਪੰਜਾਬ**

**ਲਾਈਵਸਟਾਕ ਕੰਪਲੈਕਸ ਸੈਕਟਰ-68 ਐਸ.ਏ.ਐਸ.ਨਗਰ**

(ਅਮਲਾ-1-ਸ਼ਾਖਾ)

ਸੇਵਾ ਵਿਖੇ

ਸਮੂਹ ਡਿਪਟੀ ਡਾਇਰੈਕਟਰ, ਪਸ਼ੂ ਪਾਲਣ,
ਜਿਲਾ ਪੱਧਰ (ਪੰਜਾਬ)।

ਮੀਮੋ ਨੰ: ਵੀ.ਓ. ਭਰਤੀ/2021/ਅ.2/ 20637
ਮਿਤੀ: 27-12-2022

ਵਿਸ਼ਾ: ਪਸ਼ੂ ਪਾਲਣ ਵਿਭਾਗ ਵਿੱਚ ਸਿੱਧੀ ਭਰਤੀ ਦੀਆਂ 418 ਅਸਾਮੀਆ ਵਿਰੁੱਧ ਪ੍ਰਾਪਤ ਹੋਏ ਯੋਗ ਉਮੀਦਵਾਰਾ ਦੇ ਅਸਲ ਦਸਤਾਵੇਜ਼ ਚੈੱਕ ਕਰਨ ਸਬੰਧੀ।

ਹਵਾਲਾ:- ਇਸ ਦਫਤਰ ਦਾ ਪੱਤਰ ਨੰ: ਵੀ.ਓ. ਭਰਤੀ/2021/ਅ.2/20409 ਮਿਤੀ 22.12.2022.

======

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵਲੋ ਪ੍ਰਾਪਤ ਹੋਈਆ ਮੈਰਿਟ ਸੂਚੀਆ ਦੇ ਅਧਾਰ ਤੇ ਕੈਟਾਗਰੀਵਾਈਜ਼ ਸ਼ਾਰਟਲਿਸਟ ਕੀਤੇ ਗਏ 326 ਉਮੀਦਵਾਰਾ ਦੀ ਸੂਚੀ ਜਾਰੀ ਕਰਕੇ ਸੂਚੀ ਵਿੱਚ ਦਰਸਾਏ ਉਮੀਦਵਾਰਾ ਨੂੰ ਉਹਨਾਂ ਦੇ ਵਿਦਿਅਕ ਯੋਗਤਾ, ਤਕਨੀਕੀ ਯੋਗਤਾ, ਜਨਮ ਮਿਤੀ, ਪੰਜਾਬ ਵੈਟਨਰੀ ਕੌਂਸਲ ਦੀ ਰਜਿਸਟਰੇਸ਼ਨ ਅਤੇ ਕੈਟਾਗਰੀ, ਨਾਗਰਿਕਤਾ/ਡੋਮੀਸਾਈਲ ਆਦਿ ਚੈੱਕ ਕਰਨ ਲਈ ਮਿਤੀ 28.12.2022 ਨੂੰ ਸਵੇਰੇ 10.00 ਵਜੇ ਅਸਲ ਸਰਟੀਫਿਕੇਟ ਲੈਕੇ ਪੰਜਾਬ ਲਾਇਵਸਟਾਕ ਕੰਪਲੈਕਸ, ਸੈਕਟਰ-68, ਐਸ.ਏ.ਐਸ.ਨਗਰ ਵਿਖੇ ਹਾਜ਼ਰ ਹੋਣ ਲਈ ਲਿਖਿਆ ਗਿਆ ਸੀ।

ਦੱਸਿਆ ਜਾਂਦਾ ਹੈ ਕਿ ਪ੍ਰਸੋਨਲ ਵਿਭਾਗ (ਪੀ.ਪੀ.3 ਸ਼ਾਖਾ) ਵਲੋ ਪੱਤਰ ਨੰ: 06/03/2022-2ਪੀ.ਪੀ.3/1027 ਮਿਤੀ 27.12.2022 ਰਾਹੀ ਮਿਤੀ 28.12.2022 ਦੀ ਗਜ਼ਟਿਡ ਛੁੱਟੀ ਘੋਸ਼ਿਤ ਕੀਤੇ ਜਾਣ ਕਾਰਣ ਹਵਾਲਾ ਅਧੀਨ ਪੱਤਰ ਰਾਹੀ ਜਾਰੀ ਸੂਚੀ ਵਿੱਚ ਦਰਸਾਏ ਉਮੀਦਵਾਰਾ ਦੇ ਹੁਣ ਮਿਤੀ 28.12.2022 ਦੀ ਬਜਾਏ ਦੇ ਹੇਠ ਲਿਖੀਆ ਮਿਤੀਆ ਨੂੰ ਅਸਲ ਸਰਟੀਫਿਕੇਟ ਚੈੱਕ ਕੀਤੇ ਜਾਣਗੇ:-

| ਲੜੀ ਨੰ: | ਮਿਤੀ / ਦਿਨ / ਸਮਾਂ | ਸੂਚੀ ਦਾ ਲੜੀ ਨੰਬਰ |
|---|---|---|
| 1. | 30.12.2022 (ਦਿਨ ਸ਼ੁੱਕਰਵਾਰ) ਸਵੇਰੇ. 11.00 ਵਜੇ | ਲੜੀ ਨੰ: 1 ਤੋ 110 ਤੱਕ। |
| 2. | 02.01.2023 (ਦਿਨ ਸੋਮਵਾਰ) ਸਵੇਰੇ. 11.00 ਵਜੇ | ਲੜੀ ਨੰ: 111 ਤੋ 220 ਤੱਕ। |
| 3. | 03.01.2023 (ਦਿਨ ਮੰਗਲਵਾਰ) ਸਵੇਰੇ. 11.00 ਵਜੇ | ਲੜੀ ਨੰ: 221 ਤੋ 326 ਤੱਕ। |

ਇਸ ਲਈ ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਹਵਾਲਾ ਅਧੀਨ ਪੱਤਰ ਰਾਹੀ ਆਪ ਨੂੰ ਪਹਿਲਾਂ ਭੇਜੀ ਗਈ ਸੂਚੀ ਵਿੱਚ ਦਰਸਾਏ ਪਤੇ ਅਨੁਸਾਰ ਆਪਣੇ-ਆਪਣੇ ਜਿਲੇ ਨਾਲ ਸਬੰਧਿਤ ਉਮੀਦਵਾਰਾਂ ਨੂੰ ਟੈਲੀਫੋਨ ਆਦਿ ਰਾਹੀ ਉਕਤ ਤਬਦੀਲੀ ਬਾਬਤ ਤੁਰੰਤ ਸੂਚਿਤ ਕੀਤਾ ਜਾਵੇ ਅਤੇ ਉਹਨਾਂ ਨੂੰ ਹਵਾਲਾ ਅਧੀਨ ਪੱਤਰ ਰਾਹੀ ਮੰਗੇ ਗਏ ਦਸਤਾਵੇਜ਼ਾ ਸਮੇਤ ਉਪਰੋਕਤ ਸਮਾ ਸਾਰਣੀ ਅਨੁਸਾਰ ਪੰਜਾਬ ਲਾਇਵਸਟਾਕ ਕੰਪਲੈਕਸ, ਸੈਕਟਰ-68, ਨੇੜੇ ਆਰਮੀ ਲਾਅ ਇੰਸਟੀਚਿਊਟ, ਐਸ.ਏ.ਐਸ.ਨਗਰ ਵਿਖੇ ਹਾਜ਼ਰ ਹੋਣ ਲਈ ਸੂਚਿਤ ਕੀਤਾ ਜਾਵੇ । ਉਪਰੋਕਤ ਤਬੀਦਲੀ ਸਬੰਧੀ ਸੂਚਨਾਂ ਵਿਭਾਗ ਦੀ **www.husbandrypunjab.org** ਤੇ ਵੀ ਅੱਪਲੋਡ ਕੀਤੀ ਜਾ ਰਹੀ ਹੈ, ਜਿੱਥੇ ਸਬੰਧਿਤ ਉਮੀਦਵਾਰ ਵੇਖ ਸਕਦੇ ਹਨ। ਬਾਕੀ ਸ਼ਰਤਾ ਪੱਤਰ ਨੰ: ਵੀ.ਓ. ਭਰਤੀ/2021/ਅ.2/20409 ਮਿਤੀ 22.12.2022 ਵਾਲੀਆ ਹੀ ਰਹਿਣਗੀਆ।

Ghonder
27/12/2022

ਡਾਇਰੈਕਟਰ,ਪਸ਼ੂ ਪਾਲਣ ਵਿਭਾਗ,ਪੰਜਾਬ,
ਸਾਹਿਬਜਾਦਾ ਅਜੀਤ ਸਿੰਘ ਨਗਰ।

27/12/22

ਪਿ:ਅੰ:ਨੰ: ਵੀ.ਓ. ਭਰਤੀ/2021/ਅ.2/ 20638 ਮਿਤੀ: 27-12-2022

ਇਸ ਦਾ ਇੱਕ ਉਤਾਰਾ ਨਿਮਨਲਿਖਤ ਨੂੰ ਇਸ ਦਫਤਰ ਦੇ ਪੱਤਰ ਨੰ: ਵੀ.ਓ. ਭਰਤੀ/2021/ਅ.2/20410 ਮਿਤੀ 22.12.2022 ਦੀ ਲਗਾਤਰਤਾ ਵਿੱਚ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

3) ਡਾ: ਪਰਮਪਾਲ ਸਿੰਘ ਨੋਡਲ ਅਫਸਰ ਐਪ ਮੈਨੇਜ਼ਮੈਂਟ ਸਦਰ ਦਫਤਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਪੱਤਰ ਨੂੰ ਸਮੇਤ ਸੂਚੀ ਅਤੇ ਹੋਰ ਦਸਤਾਵੇਜ਼ਾ ਦੇ ਤੁਰੰਤ ਵਿਭਾਗ ਦੀ ਵੈਬਸਾਈਟ ਤੇ ਅੱਪਲੋਡ ਕੀਤਾ ਜਾਵੇ ।

4) ਪੀ.ਏ ਟੂ ਡੀ.ਏ.ਐਚ. ਨੂੰ ਸਮੇਤ ਸਹਿਪੱਤਰਾ ਦੇ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਦੀ ਇੱਕ ਕਾਪੀ ਤੁਰੰਤ ਸਮੂਹ ਡਿਪਟੀ ਡਾਇਰੈਕਟਰ, ਪਸ਼ੂ ਪਾਲਣ (ਜਿਲਾ ਪੱਧਰ) ਨੂੰ ਈ.ਮੇਲ ਰਾਹੀ ਭੇਜਣ ਦੇ ਨਾਲ ਨਾਲ ਇਸ ਸੂਚੀ ਵਿੱਚ ਦਰਜ਼ ਦੂਜੇ ਰਾਜਾ ਦੇ ਉਮੀਦਵਾਰਾ ਨੂੰ ਮਿਥੀ ਮਿਤੀ ਅਤੇ ਸਮੇ ਅਨੁਸਾਰ ਸਦਰ ਦਫਤਰ ਵਿਖੇ ਹਾਜ਼ਰ ਹੋਣ ਸਬੰਧੀ ਟੈਲੀਫੋਨੀਕਲੀ ਸੂਚਿਤ ਕੀਤਾ ਜਾਵੇ।

Ghonar 27/12/2022

ਡਾਇਰੈਕਟਰ,ਪਸ਼ੂ ਪਾਲਣ ਵਿਭਾਗ,ਪੰਜਾਬ,
ਸਾਹਿਬਜਾਦਾ ਅਜੀਤ ਸਿੰਘ ਨਗਰ।

27/12/22

ਪਿ:ਅੰ:ਨੰ: ਵੀ.ਓ. ਭਰਤੀ/2021/ਅ.2/ ਮਿਤੀ:

ਇਸ ਦਾ ਇੱਕ ਉਤਾਰਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ (ਪਸ਼ੂ ਪਾਲਣ-1 ਸ਼ਾਖਾ), ਚੰਡੀਗੜ ਜੀ ਨੂੰ ਉਹਨਾਂ ਦੇ ਪੱਤਰ ਨੰ: ਨੰ: 1/9/2021-ਪਪ.1(9)/6409 ਮਿਤੀ 08/09-12-2022 ਅਤੇ ਪੱਤਰ ਨੰ: 1/9/2021-ਪਪ.1(9)/6735 ਮਿਤੀ 21-12-2022 ਰਾਹੀ ਜਾਰੀ ਅਦੇਸ਼ਾ ਦੀ ਪਾਲਣਾ ਵਿੱਚ ਅਤੇ ਇਸ ਦਫਤਰ ਦੇ ਪੱਤਰ ਨੰ: ਵੀ.ਓ. ਭਰਤੀ/2021/ਅ.2/20410 ਮਿਤੀ 22.12.2022 ਦੀ ਲਗਾਤਰਤਾ ਵਿੱਚ ਅੰਤ੍ਰਿਮ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ,ਪਸ਼ੂ ਪਾਲਣ ਵਿਭਾਗ,ਪੰਜਾਬ,
ਸਾਹਿਬਜਾਦਾ ਅਜੀਤ ਸਿੰਘ ਨਗਰ।